# ਡਾਇਰੈਕਟੋਰੇਟ,ਸਿਹਤ ਤੇ ਪਰਿਵਾਰ ਭਲਾਈ,ਪੰਜਾਬ,ਚੰਡੀਗੜ੍ਹ।

(ਈ-2 ਸ਼ਾਖਾ)

ਦਫਤਰੀ ਹੁਕਮ

ਨੰ:ਈ-2(2)ਪੰ:20/ ਮਿਤੀ.ਚੰਡੀਗੜ੍ਹ;

ਸਾਲ-1995 ਦੌਰਾਨ ਪੰਜਾਬ ਲੋਕ ਸੇਵਾ ਕਮਿਸ਼ਨ, ਪਟਿਆਲਾ ਵੱਲੋਂ ਸਿਫਾਰਿਸ਼ ਕੀਤੇ ਮੈਡੀਕਲ ਅਫ਼ਸਰਾਂ ਦੀ ਸਾਂਝੀ ਮੈਰਿਟ ਸੂਚੀ ਦੇ ਆਧਾਰ ਤੇ ਪ੍ਰੋਵਿਜ਼ਨਲ ਸੀਨੀਆਰਤਾ ਤਿਆਰ ਕਰਕੇ ਇਸ ਦਫ਼ਤਰ ਦੇ ਪੱ.ਨੰ.ਈ-2(2)ਪੰ:19/1422-54, ਮਿਤੀ 26.03.2019 ਰਾਹੀਂ ਵਿਭਾਗ ਦੀ ਵੈਬਸਾਈਟ ਉਤੇ ਅਪਲੋਡ ਕਰਕੇ 15 ਦਿਨਾਂ ਦੇ ਅੰਦਰ-ਅੰਦਰ ਇਤਰਾਜ਼ ਮੰਗੇ ਗਏ ਸਨ ਪ੍ਰੰਤੂ ਡਾ. ਸਵਿਤਾ ਮਾਗੋ, ਮੈਡੀਕਲ ਅਫ਼ਸਰ, ਮੈਰਿਟ ਨੰ.98/ਜੀ.ਸੀ./95, ਵੱਲੋਂ ਕੋਈ ਵੀ ਇਤਰਾਜ਼ ਪ੍ਰਾਪਤ ਨਹੀਂ ਹੋਇਆ ਸੀ, ਕਿਉਂਕਿ ਇਹ ਡਾਕਟਰ ਈ.ਐਸ.ਆਈ. ਡਿਸਪੈਂਸਰੀ ਫਿਲੌਰ, ਜਲੰਧਰ (ਡਾਇਰੈਕਟਰ ਸਿਹਤ ਸੇਵਾਵਾਂ (ਸ.ਬ) ਅਧੀਨ) ਸੀ। ਇਸ ਤੋਂ ਬਾਅਦ ਇਸ ਦਫ਼ਤਰ ਦੇ ਪੱ.ਨੰ.ਈ-2(2)ਪੰ:19/3583-3619, ਮਿਤੀ 15-07-19 ਰਾਹੀਂ 1995-ਬੈਚ ਦੀ ਫਾਈਨਲ ਸੀਨੀਆਰਤਾ ਸਰਕਾਰ ਤੋਂ ਪ੍ਰਵਾਨ ਕਰਵਾਉਣ ਉਪਰੰਤ ਜਾਰੀ ਕੀਤੀ ਗਈ ਸੀ।ਇਹ ਫਾਈਨਲ ਸੀਨੀਆਰਤਾ ਸੂਚੀ ਵੀ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕੀਤੀ ਗਈ ਸੀ, ਇਸ ਉਪਰੰਤ ਵੀ ਡਾ. ਸਵਿਤਾ ਮਾਗੋ ਪਾਸੋਂ ਕੋਈ ਇਤਰਾਜ਼ ਪ੍ਰਾਪਤ ਨਹੀਂ ਹੋਇਆ ਹੁਣ ਡਾ. ਸਵਿਤਾ ਮਾਗੋ ਵੱਲੋਂ ਮਿਤੀ 29.09.20 ਨੂੰ ਪ੍ਰਤੀਬੇਨਤੀ ਪ੍ਰਾਪਤ ਹੋਈ ਹੈ ਕਿ ਉਸ ਦਾ ਨਾਂ ਸਾਲ-1995 ਬੈਚ ਦੇ ਮੈਡੀਕਲ ਅਫ਼ਸਰਾਂ ਦੀ ਜਾਰੀ ਕੀਤੀ ਫਾਈਨਲ ਸੀਨੀਆਰਤਾ ਵਿੱਚ ਨਾਂ ਨਹੀਂ ਦਰਜ਼ ਕੀਤਾ ਗਿਆ।ਡਾਕਟਰ ਦੀ ਪ੍ਰਤੀਬੇਨਤੀ ਨੂੰ ਵਿਚਾਰਦੇ ਹੋਏ ਅਤੇ ਸਾਂਝੀ ਮੈਰਿਟ ਸੂਚੀ ਦੇ ਅਧਾਰ ਤੇ ਡਾਕਟਰ ਦਾ ਨਾਂ ਸੀਨੀਆਰਤਾ ਸੂਚੀ ਵਿੱਚ ਲੜੀ ਨੰਬਰ 107 ਤੇ ਦਰਜ਼ ਡਾ. ਅਰਵਿੰਦ ਵਰਮਾ, ਸੇਵਾ ਨੰਬਰ 6493 ਤੋਂ ਹੇਠ ਅਤੇ ਲੜੀ ਨੰਬਰ 108 ਤੇ ਦਰਜ਼ ਡਾ. ਸੰਦੀਪ ਸਿੰਗਲਾ, ਸੇਵਾ ਨੰਬਰ 6494 ਤੋਂ ਉਪਰ ਸੇਵਾ ਨੰਬਰ 6493-ਏ ਅਲਾਟ ਕੀਤਾ ਜਾਂਦਾ ਹੈ।

ਮਿਤੀ ,ਚੰਡੀਗੜ: ਡਾ. ਮਨਜੀਤ ਸਿੰਘ

30.10.2020 ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ, ਪੰਜਾਬ।

ਪਿੱਠ ਅੰਕਣ ਨੰ:ਈ2(2)ਪੰ:20/4180-84 ਮਿਤੀ.ਚੰਡੀਗੜ੍ਹ;03/11/20

ਉਤਾਰਾਂ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, (ਸਿਹਤ-1 ਸ਼ਾਖਾ) ।
2. ਡਾਇਰੈਕਟਰ ਸਿਹਤ ਸੇਵਾਵਾਂ (ਸ.ਬ) ਪੰਜਾਬ।
3. ਸੁਪਰਡੰਟ ਈ-3 ਸ਼ਾਖਾ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਡਾ. ਸਵਿਤਾ ਮਾਗੋ ਦਾ ਨਾਂ ਬਣਦੀ ਥਾਂ ਤੇ ਵਿਚਾਰ ਲਿਆ ਜਾਵੇ ਜੀ।
4. ਡਿਪਟੀ ਡਾਇਰੈਕਟਰ (ਕੰਪਿਊਟਰ ਸੈਲ), ਦਫ਼ਤਰ ਡੀ.ਐਚ.ਐਸ.ਪੰਜਾਬ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਹੁਕਮ ਵਿਭਾਗ ਦੀ ਵੈਬਸਾਈਟ ਤੇ ਅਪਲੋਡ ਕਰ ਦਿੱਤੇ ਜਾਣ।
5. ਡਾ. ਸਵਿਤਾ ਮਾਗੋ, ਮੈਡੀਕਲ ਅਫ਼ਸਰ, ਮੈਰਿਟ.ਨੰ.98.ਜੀ.ਸੀ.95, ਈ.ਐਸ.ਆਈ. ਡਿਸਪੈਂਸਰੀ ਫਿਲੌਰ, ਜਲੰਧਰ।

2/11/2020

ਡਿਪਟੀ ਡਾਇਰੈਕਟਰ